# ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

# ਗਰੀਨ ਕੈਂਪਸ ਪਾਲਸੀ

- ਵਾਤਾਵਰਣ-ਪ੍ਰਦੂਸ਼ਣ ਨੂੰ ਘਟਾਉਣਾ ਅਤੇ ਗਿੱਲੇ ਤੇ ਸੁੱਕੇ ਕੂੜੇ ਦਾ ਸਹੀ ਪ੍ਰਬੰਧਨ
- ਕਾਲਜ ਵਿਚਲੇ ਹਵਾ ਅਤੇ ਸ਼ੋਰ-ਪ੍ਰਦੂਸ਼ਣ ਨੂੰ ਘੱਟ ਕਰਨਾ ਤੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੰਭਾਲ ਬਾਰੇ ਸੁਚੇਤ ਕਰਨਾ
- ਕਾਲਜ-ਕੈਂਪਸ ਦੇ ਆਸ-ਪਾਸ ਹਰਿਆਲੀ ਵਧਾਉਣਾ
- ਪੈਦਲ ਚੱਲਣ ਅਤੇ ਸਾਈਕਲ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਜਿਸ ਨਾਲ ਵਿਦਿਆਰਥੀ ਅਤੇ ਅਧਿਆਪਕ ਫਿੱਟ ਰਹਿ ਸਕਣ
- ਮੀਂਹ ਦੇ ਪਾਣੀ ਨੂੰ ਦੁਬਾਰਾ ਵਰਤਣਯੋਗ ਬਣਾਉਣ ਅਤੇ ਰੀਸਾਈਕਲਿੰਗ ਕਰਨ ਦੀ ਯੋਜਨਾ ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਰਕਰਾਰ ਰੱਖਿਆ ਜਾ ਸਕੇ।
- ਬਿਜਲੀ ਊਰਜਾ ਦੀ ਬੱਚਤ
- ਕਾਲਜ-ਕੈਂਪਸ ਨੂੰ ਹਰਿਆ-ਭਰਿਆ ਬਣਾਕੇ ਰੱਖਣਾ ਜਿਸ ਲਈ ਵਿਦਿਆਰਥੀਆਂ ਵਿੱਚ ਲੋੜੀਂਦੀ ਜਾਗਰੂਕਤਾ ਪੈਦਾ ਕਰਨਾ ਅਤੇ ਲ਼ਾਭ-ਪਾਤਰੀਆਂ ਨੂੰ ਇਸ ਦਾ ਹਿੱਸਾ ਬਣਾਉਣਾ
- ਇਸ ਤੋਂ ਬਿਨਾਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਪਾਣੀ ਦੇ ਸ੍ਰੋਤਾਂ, ਕੂੜੇ ਦੇ ਪ੍ਰਬੰਧਨ, ਬਿਜਲੀ ਊਰਜਾ ਦੀ ਬੱਚਤ ਕਰਨ ਦੇ ਨਾਲ-ਨਾਲ ਪੇਪਰ ਦੀ ਬੱਚਤ ਵੀ ਕੀਤੀ ਜਾਵੇ।

**ਕਾਲਜ-ਕੈਂਪਸ ਨੂੰ ਹਰਿਆ-ਭਰਿਆ ਬਣਾਉਣ ਲਈ ਹੇਠ ਲਿਖੇ ਕਦਮ ਚੁੱਕੇ ਗਏ ਹਨ:**

**ਵਾਹਨਾਂ ਸਬੰਧੀ ਦਾਖਲਾ-ਨੀਤੀ:**

- ਕਾਲਜ ਵੱਲੋਂ ਵਿਦਿਆਰਥੀਆਂ ਨੂੰ ਬੱਸ-ਪਾਸ ਦੀ ਸਹੂਲਤ ਦਿੱਤੀ ਗਈ ਹੈ।ਇਸ ਤੋਂ ਬਿਨਾਂ ਕਾਲਜ ਵਿਦਿਆਰਥੀਆਂ ਨੂੰ ਨਿੱਜੀ ਵਾਹਨਾਂ ਦੇ ਸਥਾਨ ਤੇ ਸੁਰੱਖਿਆ,

ਪੈਟਰੋਲ-ਡੀਜ਼ਲ ਬਚਾਉਣ ਲਈ ਅਤੇ ਵਾਤਾਵਰਣ ਬਚਾਉਣ ਲਈ ਪਬਲਿਕ ਟਰਾਂਸਪੋਰਟ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ।ਕਾਲਜ ਦੇ ਨਜ਼ਦੀਕ ਰਹਿੰਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਪੈਦਲ ਚੱਲਣ ਅਤੇ ਸਾਈਕਲ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨਾ ਜਿਸ ਨਾਲ ਵਿਦਿਆਰਥੀ ਅਤੇ ਅਧਿਆਪਕ ਫਿੱਟ ਰਹਿ ਸਕਣ।

## ਪੈਦਲ ਚੱਲਣ ਲਈ ਸੁਰੱਖਿਅਤ ਰਾਹਾਂ:

- ਕਾਲਜ- ਕੈਂਪਸ ਵਿੱਚ ਲੜਕਿਆਂ ਅਤੇ ਲੜਕੀਆਂ ਲਈ ਵੱਖੋ-ਵੱਖਰੇ ਪਾਰਕਿੰਗ-ਖੇਤਰਾਂ ਦੀ ਵਿਵਸਥਾ ਕੀਤੀ ਗਈ ਹੈ।ਕੈਂਪਸ ਵਾਹਨ ਫਰੀ ਕੀਤਾ ਗਿਆ ਹੈ ਅਤੇ ਪੈਦਲ ਤੁਰਨ ਲਈ ਚੰਗੇ ਰਸਤਿਆਂ ਦੀ ਵਿਵਸਥਾ ਕੀਤੀ ਗਈ ਹੈ।ਕਾਲਜ ਦੇ ਰਸਤਿਆ ਤੇ ਰੁੱਖ ਲਗਾਏ ਗਏ ਹਨ ਤੇ ਉਹਨਾਂ ਦੀ ਕੈਂਪਸ -ਪ੍ਰਬੰਧਕੀ ਕਮੇਟੀ ਵੱਲੋਂ ਸਾਂਭ-ਸੰਭਾਲ ਕੀਤੀ ਜਾਂਦੀ ਹੈ।

## ਪਲਾਸਟਿਕ ਦੀ ਵਰਤੋਂ ਉਪਰ ਪਾਬੰਦੀ:

ਇੱਕ-ਵਾਰ ਹੀ ਵਰਤੋਂ ਵਿੱਚ ਆਉਣ ਵਾਲਾ ਪਲਾਸਟਿਕ ਜਿਵੇਂ ਕਿ ਪਲਾਸਟਿਕ ਦੀਆਂ ਬੋਤਲਾਂ, ਬੈਗ, ਚਮਚੇ, ਸਟ੍ਰਾਅ ਤੇ ਕੱਪ ਆਦਿ ਪੂਰੀ ਤਰ੍ਹਾਂ ਬੈਨ ਕੀਤੇ ਜਾ ਚੁੱਕੇ ਹਨ ਤੇ ਇਸ ਬਾਰੇ ਵਿਦਿਆਰਥੀਆਂ ਨੂੰ ਵੱਖ -ਵੱਖ ਨੋਟਿਸਾਂ ਅਤੇ ਪਲੇਅ-ਬੋਰਡਾਂ ਰਾਹੀ ਜਾਗਰੂਕ ਕੀਤਾ ਗਿਆ ਹੈ। ਕਾਲਜ ਦੀ ਕੰਟੀਨ ਵਿੱਚ ਪਲਾਸਟਿਕ ਦੇ ਬਰਤਨਾਂ ਨੂੰ ਕਰਾਕਰੀ ਨਾਲ ਬਦਲਿਆ ਗਿਆ ਹੈ ਤੇ ਵਿਦਿਆਰਥੀਆਂ ਨੂੰ ਪਲਾਸਟਿਕ ਬੋਤਲਾਂ ਦੀ ਥਾਂ ਤੇ ਸਟੀਲ ਅਤੇ ਕਾਪਰ ਦੇ ਬਰਤਨ ਵਰਤਣ ਲਈ ਕਿਹਾ ਗਿਆ ਹੈ।

## ਰੁੱਖਾਂ ਅਤੇ ਪੌਦਿਆਂ ਦੁਆਰਾ ਚੌਗਿਰਦੇ ਦੀ ਲੈਂਡ-ਸਕੇਪਿੰਗ:

ਕਾਲਜ ਦਾ ਚੌਗਿਰਦਾ ਦੇਖਣ-ਯੋਗ ਤੇ ਸੁਹਜਮਈ ਹੈ।ਕਾਲਜ ਕੋਲ ਰੁੱਖਾਂ ਅਤੇ ਪੌਦਿਆਂ ਦੇ ਵੱਡੀ ਗਿਣਤੀ ਵਿੱਚ ਝੁੰਡ ਹਨ ਜਿਸ ਨਾਲ ਨਾ ਸਿਰਫ ਵਾਤਾਵਰਣ ਸੁਰੱਖਿਅਤ ਰਹਿੰਦਾ ਹੈ ਬਲਿਕ ਕਾਲਜ ਵਿੱਚ ਵਿਚਰਣ ਵਾਲਿਆਂ ਦੀ ਸਿਹਤ ਵੀ ਸਹੀ ਰਹਿੰਦੀ ਹੈ।ਕਾਲਜ ਵਿਚਲੇ ਬਾਗ ਅਤੇ ਪੌਦੇ ਨਾ ਸਿਰਫ ਛਾਂ ਪ੍ਰਦਾਨ ਕਰਦੇ ਹਨ ਸਗੋਂ ਇੱਕ ਸੁਹਾਵਣਾ ਵਾਤਾਵਰਣ ਵੀ ਸਿਰਜਦੇ ਹਨ।ਇਸ ਲਈ ਸਿੱਖਿਅਤ ਮਾਲੀ ਅਤੇ ਸੁਪਰਵਾਈਜ਼ਰ ਮੌਜੂਦ ਹਨ।ਕਾਲਜ ਦੀ ਕਨਸਟਰਕਸ਼ਨ,

ਮੇਨਟੇਨਸ ਅਤੇ ਬਿਊਟੀਫਿਕੇਸ਼ਨ ਕਮੇਟੀ ਕਾਲਜ ਵਿੱਚ ਹਰਿਆਲੀ ਦੇ ਪ੍ਰਸਾਰ ਲਈ ਹਮੇਸ਼ਾ ਤੱਤਪਰ ਹਨ।

**ਪੇਪਰਲੈੱਸ ਆਫਿਸ:**

ਕਾਲਜ ਦੀ ਪ੍ਰਬੰਧਕੀ ਕਮੇਟੀ ਵੱਲੋਂ ਕਾਲਜ ਦੇ ਦਫਤਰ ਦਾ ਕੰਮ-ਕਾਜ ਪੇਪਰਲੈੱਸ ਕਰਨ ਲਈ ਯਤਨ ਜਾਰੀ ਹਨ। ਇਸ ਲਈ ਈ-ਮੇਲ ਅਤੇ ਈ-ਮੈਸਜ਼ ਦੁਆਰਾ ਕਾਲਜ ਦੀ ਸੰਚਾਰ-ਪ੍ਰੀਕ੍ਰਿਆ ਨੂੰ ਸਮਰੱਥ ਬਣਾਇਆ ਜਾ ਰਿਹਾ ਹੈ।ਦਫਤਰੀ ਡਾਟਾ ਅਤੇ ਜਾਣਕਾਰੀ ਦਾ ਅਦਾਨ-ਪ੍ਰਦਾਨ ਕਰਨ ਲਈ ਇਲੈਕਟਰੋਨਿਕ ਯੰਤਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ।